# ਵਰਲਡ ਪੰਜਾਬੀ ਟਾਈਮਜ਼

# WORLD PUNJABI TIMES

A Punjabi News Protal & Epaper From Winnipeg, Canada


Visit us at : www.worldpunjabitimes.com

Mob: 98772-46588, +1 (418) 887-0162

Epaper World Punjabi Times | 20 ਨਵੰਬਰ 2023 ਦਿਨ ਸੋਮਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਭਾਰਤ ਸਰਕਾਰ ਵੱਲੋਂ ਹਥਿਆਰਬੰਦ ਫੋਰਸਾਂ ਵਿੱਚ ਦਸਵੀਂ ਪਾਸ ਨੌਜਵਾਨਾਂ (ਪੁਰਸ/ ਮਹਿਲਾਂ) ਦੀ ਭਰਤੀ ਸ਼ੁਰੂ

ਵਰਲਡ ਪੰਜਾਬੀ ਟਾਈਮਜ਼
ਨਵਜੋਤ ਢੀਂਡਸਾ



| Force | Male SC | ST | OBC | EWS | UR | Total | Female SC | ST | OBC | EWS | UR | Total | Grand Total |
|---|---|---|---|---|---|---|---|---|---|---|---|---|---|
| Part-I | | | | | | | | | | | | | |
| BSF | 3600 | 2015 | 4050 | 1785 | 13356 | 24806 | 510 | 256 | 609 | 258 | 1436 | 3069 | 27875 |
| CISF | 1925 | 412 | 1236 | 759 | 3545 | 7877 | 103 | 63 | 147 | 89 | 319 | 721 | 8598 |
| CRPF | 6700 | 548 | 5689 | 1564 | 7695 | 22196 | 409 | 288 | 568 | 269 | 1697 | 3231 | 25427 |
| SSB | 1259 | 365 | 1190 | 280 | 1745 | 4839 | 99 | 15 | 100 | 11 | 214 | 439 | 5278 |
| ITBP | 612 | 209 | 594 | 104 | 1045 | 2564 | 70 | 66 | 99 | 8 | 199 | 442 | 3006 |
| AR | 885 | 401 | 808 | 621 | 1909 | 4624 | 27 | 9 | 30 | 20 | 66 | 152 | 4776 |
| SSF | 105 | 18 | 97 | 29 | 209 | 458 | 32 | 4 | 22 | 9 | 58 | 125 | 583 |
| TOTAL | 15086 | 3968 | 13664 | 5142 | 29295 | 67364 | 1250 | 701 | 1575 | 664 | 3989 | 8179 | 75543 |

Part-II

| Force | SC | ST | OBC | EWS | UR | Total | Grand Total |
|---|---|---|---|---|---|---|---|
| NIA | 45 | 19 | 34 | 29 | 98 | 225 | 225 |
| Grand Total of Part-I and Part-II | | | | | | | 75768 |

Page 2 of 55

ਚੰਡੀਗੜ 20 ਨਵੰਬਰ : ਭਾਰਤ ਸਰਕਾਰ ਵੱਲੋਂ ਹਥਿਆਰਬੰਦ ਫੋਰਸਾਂ ਵਿੱਚ ਦਸਵੀਂ ਪਾਸ ਨੌਜਵਾਨਾਂ ( ਪੁਰਸ/ ਮਹਿਲਾਂ ) ਲਈ ਜਰਨਲ ਡਿਉਟੀ G D ਸਿਪਾਹੀਆਂ ਦੀ ਬੰਪਰ ਭਰਤੀ । ਭਾਰਤ ਸਰਕਾਰ ਦੇ ਗ੍ਰਹਿ ਵਿਭਾਗ ਵੱਲੋਂ ਹਥਿਆਰਬੰਦ ਫੋਰਸਾਂ BSF CRPF, CISF,ITBP , SSB ਵਿੱਚ 75 ਹਜ਼ਾਰ ਦੇ ਲਗਭਗ GD ਸਿਪਾਹੀਆਂ ਦੀ ਭਰਤੀ ਕਰਨ ਦਾ ਐਲਾਨ ਕੀਤਾ ਹੈ । ਦਸਵੀਂ ਪਾਸ ਨੌਜਵਾਨ ਜਿੰਨ੍ਹਾਂ ਦੀ ਉਮਰ 18 ਤੋਂ 23 ਸਾਲ ਹੈ । ਕੱਦ ਘੱਟੋ -ਘੱਟ ਪੰਜ ਫੁੱਟ ਸੱਤ ਇੰਚ ਹੈ । ਹੋਣਹਾਰ ਨੌਜਵਾਨਾਂ ਹਥਿਆਰਬੰਦ ਫੋਰਸਾਂ ਵਿੱਚ ਬਤੌਰ GD ਸਿਪਾਹੀ ਭਰਤੀ ਹੋ ਕੇ ਆਪਣੇ ਸੁਨਹਿਰੀ ਸੁਪਨਿਆਂ ਦੀ ਉਡਾਨ ਭਰ ਸਕਦੇ ਹਨ । ਯਾਦ ਰਹੇ ਉਪਰੋਕਤ ਭਰਤੀ ਲਿਖਤੀ ਟੈਸਟ ਤੇ ਫਿਜੀਕਲ ਟੈਸਟ ਦੇ ਅਧਾਰਿਤ ਦੇ ਹੋਵੇਗਾ । ਭਰਤੀ ਲਈ ਸਭ ਤੋਂ ਪਹਿਲਾਂ ਲਿਖਤੀ ਪ੍ਰੀਖਿਆ ਦੇਸ਼ ਪੱਧਰ ਤੇ ਵੱਖ ਵੱਖ ਚੋਣਵੇਂ ਕੇਂਦਰਾਂ ਤੇ ਸਟਾਫ਼ ਸਿਲੈਕਸ਼ਨ ਕਮਿਸ਼ਨ ਵੱਲੋਂ ਲਈ ਜਾਵੇਗੀ ।ਉਮੀਦਵਾਰ ਅੰਗਰੇਜ਼ੀ ,ਹਿੰਦੀ ਤੋਂ ਇਲਾਵਾ ਖੇਤਰੀ ਭਾਸ਼ਾ ਵਿੱਚ ਵੀ ਇਹ ਪ੍ਰੀਖਿਆ ਦੇ ਸਕਦੇ ਹਨ । ਪੰਜਾਬ ਦੇ ਨੌਜਵਾਨਾਂ ਦੀ ਲਈ ਖੁਸ਼ੀ ਦੀ ਗੱਲ ਹੈ ਕਿ ਉਹ ਪਹਿਲੀ ਵਾਰ ਭਾਰਤ ਸਰਕਾਰ ਦੀ ਕਿਸੇ ਭਰਤੀ ਲਈ ਆਪਣੀ ਮਾਂ ਬੋਲੀ ਪੰਜਾਬੀ ਵਿੱਚ ਪ੍ਰੀਖਿਆ ਦੇ ਸਕਣਗੇ । ਭਾਰਤ ਸਰਕਾਰ ਦੇ ਅਜਿਹੇ ਫੈਸਲੇ ਨਾਲ ਪੰਜਾਬ ਮੱਧ ਵਰਗ ਤੇ ਖਾਸ ਕਰਕੇ ਪੇਂਡੂ ਨੌਜਵਾਨਾਂ ਲਈ ਲਾਹੇਵੰਦ ਸਾਬਤ ਹੋ ਸਕਦਾ ਹੈ । ਉਪਰੋਕਤ ਭਰਤੀ ਦਾ ਅਮਲ ਸਟਾਫ਼ ਸ਼ਿਲੈਕਸ਼ਨ ਕਮਿਸ਼ਨ ਵੱਲੋਂ ਲਿਆ ਜਾਵੇਗਾ । ਲਿਖਤੀ ਪ੍ਰੀਖਿਆ ਵਿੱਚੋਂ ਸਫਲ ਹੋਣ ਵਾਲੇ ਉਮੀਦਵਾਰ ਹੀ ਫਿਜੀਕਲ ਟੈਸਟ ਵਿੱਚ ਬੈਠ ਸਕਦੇ ਹਨ । ਨੌਜਵਾਨਾਂ ਲਈ ਭਰਤੀ ਹੋਣ ਦਾ ਸੁਨਹਿਰੀ ਮੌਕਾ ਹੈ । ਹੁਣ ਤੋਂ ਹੀ ਭਰਤੀ ਲਈ ਪ੍ਰੀਖਿਆ ਦੀ ਤਿਆਰੀ ਆਰੰਭ ਕਰ ਦਿਓ । ਹੁਣ ਤਾਂ ਪ੍ਰੀਖਿਆ ਹਿੰਦੀ /ਅੰਗਰੇਜ਼ੀ ਵਿੱਚ ਨਹੀ ਮਾਂ ਬੋਲੀ ਪੰਜਾਬੀ ਵਿੱਚ ਦੇਣੀ ਹੈ । ਭਰਤੀ ਹੋਣ ਦੇ ਆਪਣੇ ਸੁਨਹਿਰੀ ਸੁਪਨਿਆਂ ਨੂੰ ਸਾਕਾਰ ਕਰੋ ।

## ਪੱਤਰਕਾਰ ਮਾਗਦੀ ਕ੍ਰਿਸਤੀਆਨੋ ਆਲਮ ਵੱਲੋਂ ਲਿਖੀ ਕਿਤਾਬ "ਇਟਲੀ ਵਾਸਤੇ ਇੱਕ ਚਮਤਕਾਰ" ਦੀ ਹੋਈ ਘੁੰਡ ਚੁਕਾਈ ਮੌਕੇ ਹੋਇਆ ਸਨਮਾਨ ਸਮਾਰੋਹ

ਵਰਲਡ ਪੰਜਾਬੀ ਟਾਈਮਜ਼
ਨਵਜੋਤ ਢੀਂਡਸਾ




ਮਿਲਾਨ, 20 ਨਵੰਬਰ: ਬੀਤੇ ਦਿਨੀ ਮਾਗਦੀ ਕ੍ਰਿਸਤੀਆਨੋ ਆਲਮ ਵੱਲੋਂ ਲਿਖੀ ਕਿਤਾਬ "ਇਟਲੀ ਵਾਸਤੇ ਇੱਕ ਚਮਤਕਾਰ" ਦਾ ਘੁੰਡ ਚੁਕਾਈ ਅਤੇ ਸਨਮਾਨ ਸਮਾਰੋਹ ਡੈਮੋਕਰਾਸੀਆ ਕ੍ਰਿਸਤੀਆਨਾ ਸਤੋਰੀਕਾ,ਇਟਾਲੀਅਨ ਇੰਡੀਅਨ ਪ੍ਰੈਸ ਕਲੱਬ ਅਤੇ ਬਰੇਸ਼ੀਆ ਦੇ ਕਮੂਨੇ ਦੇ ਸਹਿਯੋਗ ਨਾਲ ਓਦੋਲੋ ਵਿਖੇ ਕਰਵਾਇਆ ਗਿਆ। ਕਿਤਾਬ ਦੇ ਲੇਖਕ ਮਾਗਦੀ ਇਟਲੀ ਵਿੱਚ ਪ੍ਰਮੁੱਖ ਲਿਖਾਰੀ ਅਤੇ ਪੱਤਰਕਾਰ ਹੋਣ ਦੇ ਨਾਲ ਨਾਲ ਯੂਰਪ ਯੂਨੀਅਨ ਦੇ ਮੈਂਬਰ ਵੀ ਰਹਿ ਚੁੱਕੇ ਹਨ। ਇਸ ਕਿਤਾਬ ਵਿੱਚ ਉਹਨਾਂ ਨੇ ਇਸਲਾਮ ਦੇ ਅਸਲ ਸਿਧਾਂਤਾਂ ਬਾਰੇ ਜਾਣਕਾਰੀ ਦਿੱਤੀ ਹੈ ਅਤੇ ਇਟਲੀ ਵਿੱਚ ਪਰਵਾਸ ਬਾਰੇ ਮਹੱਤਵਪੂਰਨ ਖੁਲਾਸੇ ਕੀਤੇ ਹਨ ਕਿ ਪਰਵਾਸ ਇਟਲੀ ਲਈ ਕਿਵੇਂ ਲਾਭਦਾਇਕ ਹੈ। ਇਸ ਤੋਂ ਇਲਾਵਾ ਬੱਚਿਆਂ ਅਤੇ ਔਰਤਾਂ ਦੇ ਹੱਕਾਂ ਦੀ ਗੱਲ ਵੀ ਇਸ ਕਿਤਾਬ ਵਿੱਚ ਜੋਰਦਾਰ ਤਰੀਕੇ ਨਾਲ ਕੀਤੀ ਗਈ ਹੈ।ਇਟਲੀ ਸਰਕਾਰ ਅਤੇ ਯੂਰਪ ਯੂਨੀਅਨ ਵੱਲੋਂ ਕਨੂੰਨ ਬਣਾਉਦੇਂ ਸਮੇਂ ਕੀਤੀਆਂ ਜਾਂਦੀਆਂ ਗਲਤੀਆਂ ਨੂੰ ਵੀ ਉਹਨਾਂ ਨੇ ਕਰੜੇ ਹੱਥੀਂ ਲਿਆ ਹੈ। ਇਟਲੀ ਦੇ ਬੀਤੇ ਸਮੇਂ ਅਤੇ ਭਵਿੱਖ ਬਾਰੇ ਵੀ ਇਸ ਕਿਤਾਬ ਵਿੱਚ ਜਾਣਕਾਰੀ ਦਿੱਤੀ ਹੈ। ਮਾਣਯੋਗ ਓਸਕਰ ਲਾਨਚਿਨੀ ਪਾਰਲਾਮੈਨਤਾਰੀਓ ਏਰੋਪੈਓ ਨੇ ਜਿੱਥੇ ਕਿਤਾਬ ਅਤੇ ਉਸਦੇ ਲੇਖਕ ਦੀ ਅਜਿਹੀ ਕਿਤਾਬ ਦੀ ਰਚਨਾ ਕਰਨ ਲਈ ਸਰਾਹਨਾ ਕੀਤੀ। ਉਥੇ ਹੀ ਉਹਨਾਂ ਨੇ ਇਟਲੀ ਦੀ ਸਿੱਖਿਆ ਪ੍ਰਣਾਲੀ ਤੇ ਵੀ ਸਵਾਲ ਚੁੱਕੇ ਜਿਵੇਂ ਕਿ ਸਕੂਲਾਂ ਦੇ ਵਿੱਚ ਡਾਕਟਰ ਇੰਜੀਨੀਅਰ ਅਤੇ ਵਕੀਲ ਬਣਨ ਦੀ ਪੜ੍ਹਾਈ ਤੇ ਜਿਆਦਾ ਜੋਰ ਦਿੱਤਾ ਜਾਂ ਰਿਹਾ ਹੈ ਜਦੋਂ ਕਿ ਸਾਨੂੰ ਤਕਨੀਕੀ ਸਿੱਖਿਆ ਦੇ ਜਿਆਦਾ ਜੋਰ ਦੇਣ ਦੀ ਜਰੂਰਤ ਹੈ ਅਤੇ ਤਕਨੀਕੀ ਖੇਤਰ ਵਿੱਚ ਵੱਧ ਤੋਂ ਵੱਧ ਨਵੀਆਂ ਖੋਜਾਂ ਕਰਨ ਦੀ ਜ਼ਰੂਰਤ ਹੈ। ਜਿਸ ਨਾਲ ਕੰਮ ਦੇ ਨਵੇਂ ਮੌਕੇ ਮਿਲਦੇ ਹਨ। ਉਹਨਾਂ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨੋਜਵਾਨਾਂ ਨੂੰ ਨਾਲ ਤੋਰਨ ਦੀ ਬਹੁਤ ਲੋੜ ਹੈ ਅਤੇ ਮਿਸਾਲ ਦੇ ਤੌਰ ਤੇ ਦੱਸਿਆ ਕਿ ਬੀਤੇ ਸਮੇਂ ਬਰੇਸ਼ੀਆ ਕਮੂਨੇ ਦੀਆਂ ਹੋਈਆਂ ਵੋਟਾਂ ਵਿੱਚ ਨੌਜਵਾਨਾ ਦੀ ਸ਼ਿਰਕਤ ਬਹੁਤ ਹੀ ਘੱਟ ਰਹੀ ਹੈ।ਨੌਜਵਾਨ ਚਿਹਰੇ ਰਾਜਨੀਤੀ ਵਿੱਚ ਆਉਣਾ ਪਸੰਦ ਨਹੀਂ ਕਰ ਰਹੇ ਹਨ। ਕਿਉਂਕਿ ਰਾਜਨੀਤਕਾਂ ਨੇ ਰਾਜਨੀਤੀ ਦੇ ਚਿਹਰੇ ਨੂੰ ਏਨਾ ਗੰਦਲਾ ਕਰ ਦਿੱਤਾ ਹੈ ਕਿ ਨੋਜਵਾਨ ਨਾਂ ਇਸਨੂੰ ਕਿੱਤੇ ਵੱਜੋਂ ਚੁਣਨਾ ਚਾਹੁੰਦੇ ਹਨ ਅਤੇ ਨਾਂ ਹੀ ਸੇਵਾ ਵੱਜੋਂ।ਇਟਾਲੀਅਨ ਇੰਡੀਅਨ ਪ੍ਰੈਸ ਕਲੱਬ ਵੱਲੋਂ ਪ੍ਰਵਾਸ ਦੇ ਮੁੱਦੇ ਤੇ ਬੋਲਦਿਆਂ ਸ: ਹਰਬਿੰਦਰ ਸਿੰਘ ਧਾਲੀਵਾਲ ਹੁਣਾਂ ਨੇ ਕਿਹਾ ਕਿ ਪ੍ਰਵਾਸ ਇਕ ਦੇਸ਼ ਦਾ ਮੁੱਦਾ ਨਹੀਂ ਹੈ ,ਪ੍ਰਵਾਸ ਇਕ ਗਲੋਬਲ ਮੁੱਦਾ ਹੈ ਅਤੇ ਪ੍ਰਵਾਸੀ ਲੋਕ ਕਿਸੇ ਵੀ ਦੇਸ਼ ਦੀ ਆਰਥਿਕਤਾ ਨੂੰ ਚਲਾਉਣ ਵਿੱਚ ਬਹੁਤ ਵੱਡਾ ਯੋਗਦਾਨ ਪਾਉਂਦੇ ਹਨ। ਸਾਨੂੰ ਜ਼ਰੂਰਤ ਹੈ ਪਰਵਾਸੀਆਂ ਨਾਲ-ਮਿਲ ਕੇ ਕੁਝ ਚੀਜ਼ਾਂ ਸਿਖਣ ਅਤੇ ਸਿਖਾਉਣ ਦੀ ਕਿਉਂਕਿ ਵਿਚਾਰ-ਵਟਾਂਦਰੇ ਰਾਂਹੀ ਹੀ ਨਵੇਂ ਕੰਮ ਵਿਕਸਿਤ ਹੁੰਦੇ ਹਨ। ਧਰਮ ਬਾਰੇ ਗੱਲ ਕਰਦਿਆਂ ਉਹਨਾਂ ਨੇ ਕਿਹਾ ਕਿ ਜਦੋਂ ਕੋਈ ਬੱਚਾ ਜਨਮ ਲੈਂਦਾ ਹੈ ਤਾਂ ਉਸਦਾ ਧਰਮ ਸਿਰਫ ਇਨਸਾਨੀਅਤ ਹੁੰਦਾ ਹੈ ਅਤੇ ਇਨਸਾਨੀਅਤ ਹੀ ਸਭ ਤੋਂ ਵੱਡਾ ਧਰਮ ਹੈ ਅਤੇ ਆਪਣੇ ਮੁੱਖ ਨਿਸ਼ਾਨੇ ਵੱਲ ਵੱਧਣ ਲਈ ਜੋ ਵੱਖ-ਵੱਖ ਰਸਤੇ ਹਨ।ਉਹਨਾਂ ਨੂੰ ਹੀ ਵੱਖ-ਵੱਖ ਧਰਮ ਕਿਹਾ ਜਾਂਦਾ ਹੈ। ਜ਼ਿਕਰਯੋਗ ਹੈ ਕਿ ਇਸ ਸਮਾਰੋਹ ਵਿੱਚ ਇਟਾਲੀਅਨ ਮੁੱਖ ਟੀ.ਵੀ ਚੈਨਲਜ਼ ਅਤੇ ਅਖਬਾਰਾਂ ਦੇ ਪੱਤਰਕਾਰ ਵੀ ਹਾਜ਼ਰ ਸਨ। ਜਿਹਨਾਂ ਨੇ ਕਿਤਾਬ ਦੇ ਲੇਖਕ ਤੋਂ ਵੱਖ-ਵੱਖ ਮੁਦਿਆਂ ਤੇ ਸਵਾਲ ਕੀਤੇ। ਡੀ.ਸੀ.ਐਸ ਪਾਰਟੀ ਦੇ ਨੈਸ਼ਨਲ ਸੈਕਟਰੀ ਮਿ: ਫਰਾਂਕੋ ਫੇਰਾਰੀ ਨੇ ਸਭ ਮਹਿਮਾਨਾਂ,ਮੀਡੀਆ ਨਾਲ ਜੁੜੇ ਸਾਥੀਆਂ ਅਤੇ ਇਟਾਲੀਅਨ ਇੰਡੀਅਨ ਪ੍ਰੈਸ ਕਲੱਬ ਵੱਲੋਂ ਪ੍ਰੋਗਰਾਮ ਵਿੱਚ ਸਹਿਯੋਗ ਦੇਣ ਲਈ ਅਤੇ ਸ਼ਿਰਕਤ ਕਰਨ ਲਈ ਵਿਸ਼ੇਸ਼ ਧੰਨਵਾਦ ਕੀਤਾ। ਪ੍ਰੋਗਰਾਮ ਤੋਂ ਬਾਅਦ ਰਾਤ ਦੇ ਖਾਣੇ 'ਤੇ ਵੱਖ-ਵੱਖ ਮੇਅਰ ਅਤੇ ਸਾਬਕਾ ਮੇਅਰ ਸਾਹਿਬਾਨਾਂ ਅਤੇ ਇਟਾਲੀਅਨ ਪੱਤਰਕਾਰ ਸਾਥੀਆਂ ਨਾਲ ਪ੍ਰੈਸ ਕਲੱਬ ਵੱਲੋ ਜਗਦੀਪ ਸਿੰਘ ਮੱਲ੍ਹੀ ਨੇ ਵਿਚਾਰਾਂ ਦੀ ਸਾਂਝ ਪਾਉਦਿਆਂ ਪੰਜਾਬੀ ਭਾਈਚਾਰੇ ਲਈ ਰੁਜ਼ਗਾਰ ਦੇ ਨਵੇਂ ਮੌਕੇ ਤਲਾਸ਼ਣ ਅਤੇ ਕੋਈ ਸਾਂਝੀ ਸੰਸਥਾ ਸਥਾਪਤ ਕਰਨ ਬਾਰੇ ਗੱਲਬਾਤ ਕੀਤੀ। ਉਮੀਦ ਹੈ ਭਵਿੱਖ ਵਿੱਚ ਇਸ ਗੱਲਬਾਤ ਦੇ ਸਾਰਥਕ ਸਿੱਟੇ ਨਿਕਲਣਗੇ। ਪਹਾੜੀ ਦੀ ਚੋਟੀ 'ਤੇ ਇੱਕ ਰਮਣੀਕ ਸਥਾਨ 'ਤੇ ਰੱਖਿਆ ਗਿਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ। ਹੋਰਨਾਂ ਤੋਂ ਇਲਾਵਾ ਪ੍ਰੋਗਰਾਮ ਵਿੱਚ ਮੈਡਮ ਕਾਰਸੇਰੀ ਕਲਾਉਦੀਆ,ਮਿ: ਲੂਚੀ ਲੋਰੈਸੋ ਨੈਸ਼ਨਲ ਆਰਗੇਨਾਈਜ਼ਰ ਸੈਕਟਰੀ ਡੀ.ਸੀ.ਐਸ,ਰੋਬੈਰਤੋ ਪੀਚੋਲੀ ਸਾਬਕਾ ਮੇਅਰ,ਬਿਓਨੇ,ਲਿਓਨੀ ਫਰਾਂਕੋ,ਪ੍ਰੈੱਸ ਕਲੱਬ ਵੱਲੋਂ ਹਰਬਿੰਦਰ ਸਿੰਘ ਧਾਲੀਵਾਲ,ਜਗਦੀਪ ਸਿੰਘ ਮੱਲ੍ਹੀ,ਡੀ.ਸੀ.ਐਸ ਪਾਰਟੀ ਦੇ ਪ੍ਰਧਾਨ,ਵਾਇਸ ਪ੍ਰਧਾਨ ਅਤੇ ਬਾਕੀ ਮੁੱਖ ਅਹੁਦੇਦਾਰ ਅਤੇ ਪੁਲਿਸ ਅਤੇ ਕਾਰਾਬਿਨੀਏਰੀ ਪੁਲਿਸ ਦੇ ਅਫਸਰ ਸਾਹਿਬਾਨ ਵੀ ਹਾਜ਼ਰ ਸਨ।



## ਮੰਚ ਸੰਚਾਲਕ ਜਸਬੀਰ ਸਿੰਘ ਜੱਸੀ ਨੂੰ ਪੈਲੀਕਲ ਪਲਾਜ਼ਾ 'ਚ ਸਨਮਾਨਿਤ ਕੀਤਾ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ




ਫ਼ਰੀਦਕੋਟ 20 ਨਵੰਬਰ: ਬਤੌਰ ਮੰਚ ਸੰਚਾਲਕ ਆਪਣੀ ਗੂੜੀ ਪਹਿਚਾਣ ਬਣਾਉਣ ਵਾਲੇ ਜਸਬੀਰ ਸਿੰਘ ਜੱਸੀ ਨੂੰ ਸਿੱਖਿਆ, ਸਮਾਜ ਸੇਵਾ ਅਤੇ ਸੱਭਿਆਚਾਰਕ ਖੇਤਰ 'ਚ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਦਲੇ ਪੈਲੀਕਲ ਪਲਾਜ਼ਾ 'ਚ ਹੋਏ ਇੱਕ ਸੱਭਿਆਚਾਰਕ ਪ੍ਰੋਗਰਾਮ 'ਚ ਪੈਲੀਕਲ ਪਲਾਜ਼ਾ ਦੇ ਮੈਨੇਜਿੰਗ ਡਾਇਰੈਕਟਰ ਡਾ.ਸੰਜੀਵ ਗੋਇਲ, ਪ੍ਰਸਿੱਧ ਅਦਾਕਾਰ/ਕਾਮੇਡੀਅਨ ਗੁਰਪ੍ਰੀਤ ਘੁੱਗੀ ਨੇ ਸਨਮਾਨਿਤ ਕੀਤਾ। ਇਸ ਮੌਕੇ ਪੰਜਾਬ ਦੇ ਨਾਮਵਰ ਗਾਇਕ ਰੌਸ਼ਨ ਪ੍ਰਿੰਸ, ਫ਼ਿਲਮੀ ਹੀਰੋਇਨ ਸਾਇਰਾ, ਅਦਾਕਾਰਾ ਰਾਜ ਧਾਲੀਵਾਲ, ਅਦਾਕਾਰ ਗੁਰਜੀਤ ਕੌਰ ਵੀਰ, ਫ਼ਿਲਮੀ ਡਾਇਰੈਕਟਰ ਸਤਿੰਦਰ ਸਿੰਘ ਦੇਵ,ਸਪਨ ਮਨੰਚਦਾ,ਅਮਨਦੀਪ ਸਿੰਘ ਲੱਕੀ,ਹਰਮਿੰਦਰ ਸਿੰਘ ਮਿੰਦਾ, ਜੈਨ ਇੰਟਰਨੈਸ਼ਨਲ ਦੇ ਚੇਅਰਮੈਨ ਜਨਿੰਦਰ ਜੈਨ, ਮੈਨੇਜਿੰਗ ਡਾਇਰੈਕਟਰ ਨਵਨੀਤ ਜੈਨ, ਐਕਸੀਅਨ ਰਾਜੀਵ ਗੋਇਲ, ਮੇਜਰ ਅਜਾਇਬ ਸਿੰਘ ਕਾਨਵੈਂਟ ਸਕੂਲ ਜਿਉਣਵਾਲਾ ਦੇ ਪ੍ਰਿੰਸੀਪਲ ਡਾ.ਐਸ.ਐਸ.ਬਰਾੜ, ਸਟੇਟ ਐਵਾਰਡੀ ਗੁਰਵਿੰਦਰ ਸਿੰਘ ਧਿੰਗੜਾ, ਗੀਤਕਾਰ ਸੁਖਦੀਪ ਸਿੰਘ ਸੀਪਾ ਸਰਾਂ ਪੱਕਾ, ਬੀੜ ਸੁਸਾਇਟੀ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਮਿੰਟੂ, ਸਿਰੀ ਰਾਮ ਹਸਪਤਾਲ ਫ਼ਰੀਦਕੋਟ ਦੇ ਡਾ.ਪ੍ਰਵੀਨ ਗੁਪਤਾ ਅਤੇ ਇਲਾਕਾ ਨਿਵਾਸੀ ਹਾਜ਼ਰ ਸਨ।

## ਬੰਦ ਪਏ ਸ਼ੈਲਰ 'ਚ ਰੱਖੇ ਝੋਨੇ ਦੇ ਭਰੇ ਗੱਟਿਆਂ ਦੀ ਜਾਂਚ ਪੜਤਾਲ ਸ਼ੁਰੂ

### ਮਾਰਕਿਟ ਕਮੇਟੀ ਦੇ ਚੇਅਰਮੈਨ ਦੀ ਸ਼ਿਕਾਇਤ 'ਤੇ ਪੁਲਿਸ ਵਲੋਂ ਦਿਨ-ਰਾਤ ਦਾ ਪਹਿਰਾ ਸ਼ੁਰੂ

### ਸ਼ੈਲਰ 'ਚ ਸ਼ੱਕੀ ਹਾਲਤ ਵਿੱਚ ਪਿਆ ਹੈ ਝੋਨੇ ਦਾ 12 ਹਜਾਰ ਦੇ ਗਰੀਬ ਗੱਟਾ!


ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 20 ਨਵੰਬਰ ਪਿਛਲੇ ਦਿਨੀਂ ਸਥਾਨਕ ਵਿਕਟੋਰੀਆ ਫੂਡ ਐਂਡ ਰਾਈਸ ਮਿਲਜ ਤੋਂ 20 ਹਜਾਰ ਦੇ ਕਰੀਬ ਝੋਨੇ ਦੇ ਭਰੇ ਨਜਾਇਜ ਗੱਟੇ ਮਿਲਣ ਤੋਂ ਬਾਅਦ ਖੁਰਾਕ ਸਪਲਾਈ ਵਿਭਾਗ, ਵੱਖ ਵੱਖ ਸਰਕਾਰੀ ਖਰੀਦ ਏਜੰਸੀਆਂ, ਵਿਜੀਲੈਂਸ ਵਿਭਾਗ ਅਤੇ ਮਾਰਕਿਟ ਕਮੇਟੀ ਨੇ ਬਾਹਰਲਾ ਝੋਨਾ ਕੋਟਕਪੂਰਾ ਵਿਖੇ ਲਿਆ ਕੇ ਵੇਚਣ ਵਾਲਿਆਂ 'ਤੇ ਤਿੱਖੀ ਨਜਰ ਰੱਖਣੀ ਸ਼ੁਰੂ ਕਰ ਦਿੱਤੀ ਹੈ। ਮਾਰਕਿਟ ਕਮੇਟੀ ਨੇ ਇਕ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਸਥਾਨਕ ਮੁਕਤਸਰ ਸੜਕ 'ਤੇ ਸਥਿੱਤ ਕੋਠੇ ਬੇਰ ਵਾਲੇ ਵਿਖੇ ਬੰਦ ਪਏ ਸ਼ੈਲਰ ਵਿੱਚ ਸ਼ੱਕੀ ਕਿਸਮ ਨਾਲ ਰੱਖੇ ਝੋਨੇ ਦੀ ਜਾਂਚ ਕਰਦਿਆਂ ਉਕਤ ਬੰਦ ਪਏ ਸ਼ੈਲਰ ਦੇ ਮਾਲਕ ਨੂੰ ਨੋਟਿਸ ਜਾਰੀ ਕਰਕੇ ਪੁੱਛਗਿੱਛ ਕੀਤੀ ਹੈ। ਮਾਰਕਿਟ ਕਮੇਟੀ ਦੇ ਸੂਤਰਾਂ ਮੁਤਾਬਿਕ ਉਕਤ ਸ਼ੈਲਰ ਵਿੱਚ ਕਰੀਬ 12 ਹਜਾਰ ਗੱਟਾ ਝੋਨੇ ਦਾ ਪਿਆ ਹੈ, ਸ਼ੈਲਰ ਦੇ ਮਾਲਕਾਂ ਨੇ ਉੱਥੇ ਝੋਨਾ ਰੱਖਣ ਲਈ ਮਾਰਕਿਟ ਕਮੇਟੀ ਤੋਂ ਕੋਈ ਪ੍ਰਵਾਨਗੀ ਹਾਸਲ ਕਰਨ ਦੀ ਜਰੂਰਤ ਹੀ ਨਹੀਂ ਸਮਝੀ। ਗੁਰਮੀਤ ਸਿੰਘ ਆਰੇਵਾਲਾ ਚੇਅਰਮੈਨ ਮਾਰਕਿਟ ਕਮੇਟੀ ਕੋਟਕਪੂਰਾ ਦੀ ਅਗਵਾਈ ਵਾਲੀ ਟੀਮ ਨੇ ਉੱਥੇ ਜਾ ਕੇ ਜਾਂਚ ਪੜਤਾਲ ਆਰੰਭ ਦਿੱਤੀ। ਹੁਣ ਮਾਰਕਿਟ ਕਮੇਟੀ ਦੀ ਬੇਨਤੀ 'ਤੇ ਪੁਲਿਸ ਨੇ ਦਿਨ ਰਾਤ ਦਾ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ ਹੈ। ਚੇਅਰਮੈਨ ਗੁਰਮੀਤ ਸਿੰਘ ਨੇ ਦੱਸਿਆ ਕਿ ਸਾਰੇ ਮਾਲ ਦੀ ਵੀਡੀਉਗ੍ਰਾਫੀ ਕਰਨ ਉਪਰੰਤ ਐਚ.ਐਸ.ਓਵਰਸੀਜ. ਦੇ ਮਾਲਕ ਨੂੰ ਨੋਟਿਸ ਭੇਜਿਆ ਗਿਆ ਹੈ। ਉਹਨਾ ਦੱਸਿਆ ਕਿ ਉਕਤ ਝੋਨੇ ਦੇ ਮਾਲਕ ਹੋਣ ਦਾ ਦਾਅਵਾ ਕਰਨ ਵਾਲੇ ਕਿਸਾਨਾ ਦੀਆਂ ਜਮੀਨਾ ਦੀ ਜਾਂਚ ਕੀਤੀ ਜਾਵੇਗੀ ਅਤੇ ਅਗਲੇਰੀ ਕਾਰਵਾਈ ਲਈ ਮਾਰਕਿਟ ਕਮੇਟੀ ਵਲੋਂ ਬਕਾਇਦਾ ਰਿਪੋਰਟ ਤਿਆਰ ਕੀਤੀ ਜਾ ਰਹੀ ਹੈ।

## ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਗੁਰਚਰਨ ਸਿੰਘ ਗਿੱਲ ਮਨਸੂਰ ਨਹੀਂ ਰਹੇ

ਵਰਲਡ ਪੰਜਾਬੀ ਟਾਈਮਜ਼
ਹਰਦਮ ਮਾਨ



ਸਰੀ, 20 ਨਵੰਬਰ :ਉਰਦੂ ਅਤੇ ਪੰਜਾਬੀ ਦੇ ਨਾਮਵਰ ਸ਼ਾਇਰ ਗੁਰਚਰਨ ਸਿੰਘ ਗਿੱਲ ਮਨਸੂਰ ਅੱਜ ਸਵੇਰੇ ਸਦੀਵੀ ਵਿਛੋੜਾ ਦੇ ਗਏ। ਉਹ 98 ਸਾਲ ਦੇ ਸਨ ਅਤੇ ਪਿਛਲੇ ਲੰਮੇਂ ਸਮੇਂ ਤੋਂ ਸਰੀ ਵਿਖੇ ਰਹਿ ਰਹੇ ਸਨ। ਗੁਰਚਰਨ ਗਿੱਲ ਬਹੁਤ ਹੀ ਨੇਕ ਇਨਸਾਨ ਅਤੇ ਪੰਜਾਬੀ ਅਤੇ ਉਰਦੂ ਦੇ ਨਾਮਵਰ ਸ਼ਾਇਰ ਸਨ। ਉਹਨਾਂ ਦੇ ਸਦੀਵੀ ਵਿਛੋੜੇ ਉੱਪਰ ਵੈਨਕੂਵਰ ਖੇਤਰ ਦੇ ਲੇਖਕਾਂ ਵੱਲੋਂ ਦੁੱਖ ਪ੍ਰਗਟ ਕੀਤਾ ਜਾ ਰਿਹਾ ਹੈ। ਗਜ਼ਲ ਮੰਚ ਸਰੀ ਦੇ ਸ਼ਾਇਰ ਜਸਵਿੰਦਰ, ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਹਰਦਮ ਸਿੰਘ ਮਾਨ, ਕ੍ਰਿਸ਼ਨ ਭਨੋਟ, ਬਲਦੇਵ ਸੀਹਰਾ ਅਤੇ ਵੈਨਕੂਵਰ ਵਿਚਾਰ ਮੰਚ ਦੇ ਆਗੂ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਜਰਨੈਲ ਸਿੰਘ ਆਰਟਿਸਟ, ਮੋਹਨ ਗਿੱਲ ਅਤੇ ਅੰਗਰੇਜ਼ ਬਰਾੜ ਨੇ ਉਹਨਾਂ ਦੇ ਸਦੀਵੀ ਵਿਛੋੜੇ ਉੱਪਰ ਦੁੱਖ ਪ੍ਰਗਟ ਕਰਦਿਆਂ ਕਿਹਾ ਹੈ ਕਿ ਉਨ੍ਹਾਂ ਲਿਖਤਾਂ ਰਾਹੀਂ ਉਨ੍ਹਾਂ ਦੀਆਂ ਯਾਦਾਂ ਹਮੇਸ਼ਾ ਸਾਡੇ ਨਾਲ ਰਹਿਣਗੀਆਂ। ਇਨ੍ਹਾਂ ਲੇਖਕਾਂ ਨੇ ਦੁਖੀ ਪਰਿਵਾਰ ਨਾਲ ਤੇ ਉਹਨਾਂ ਦੇ ਸਪੁੱਤਰ ਦਸ਼ਮੇਸ਼ ਗਿੱਲ ਫਿਰੋਜ਼ ਨਾਲ ਦਿਲੀ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ।

## ਕਲਾਸ ਫੌਰਥ ਗੌਰਮਿੰਟ ਇੰਪਲਾਈਜ ਯੂਨੀਅਨ ਜ਼ਿਲਾ ਫਰੀਦਕੋਟ ਦਾ ਹੋਇਆ ਚੋਣ ਇਜਲਾਸ

### ਇਕਬਾਲ ਸਿੰਘ ਢੁੱਡੀ ਜਿਲ੍ਹਾ ਪ੍ਰਧਾਨ ਅਤੇ ਬਲਕਾਰ ਸਿੰਘ ਮੰਡੀ ਬੋਰਡ ਜਿਲ੍ਹਾ ਜਨਰਲ ਸਕੱਤਰ ਚੁਣੇ ਗਏ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ, 20 ਨਵੰਬਰ: ਕਲਾਸ ਫੌਰਥ ਗੌਰਮਿੰਟ ਇੰਪਲਾਈਜ ਯੂਨੀਅਨ ਜਿਲ੍ਹਾ ਫਰੀਦਕੋਟ ਦਾ ਚੋਣ ਇਜਲਾਸ ਜਿਲ੍ਹਾ ਪ੍ਰਧਾਨ ਨਛੱਤਰ ਸਿੰਘ ਭਾਣਾ ਦੀ ਅਗਵਾਈ ਹੇਠ ਅੱਜ ਸਥਾਨਕ ਸਰਕਾਰੀ ਬਿਰਜਿੰਦਰਾ ਕਾਲਜ ਵਿਖੇ ਕੀਤਾ ਗਿਆ। ਇਸ ਮੌਕੇ ਸੂਬਾਈ ਕਮੇਟੀ ਵੱਲੋਂ ਬਤੌਰ ਨਿਗਰਾਨ ਜਥੇਬੰਦੀ ਦੇ ਸੂਬਾ ਸਕੱਤਰ ਜਨਰਲ ਰਣਜੀਤ ਸਿੰਘ ਰਾਣਵਾਂ, ਸੂਬਾ ਸਕੱਤਰ ਹਰਭਗਵਾਨ ਸ੍ਰੀ ਮੁਕਤਸਰ ਸਾਹਿਬ, ਹੰਸਰਾਜ ਦੀਦਰਗੜ, ਗੁਰਮੀਤ ਸਿੰਘ ਮਿੱਡਾ ਸੰਗਰੂਰ ਅਤੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ ਚੰਡੀਗੜ੍ਹ ਦੇ ਸੂਬਾਈ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਵਿਸ਼ੇਸ ਤੌਰ 'ਤੇ




ਸਾਮਲ ਹੋਏ। ਇਜਲਾਸ ਦੌਰਾਨ ਜ਼ਿਲ੍ਹਾ ਜਨਰਲ ਸਕੱਤਰ ਇਕਬਾਲ ਸਿੰਘ ਰਣ ਸਿੰਘ ਵਾਲਾ ਨੇ ਜਥੇਬੰਦਕ ਅਤੇ ਵਿੱਤੀ ਰਿਪੋਰਟ ਪੇਸ਼ ਕੀਤੀ। ਰਿਪੋਰਟ 'ਤੇ ਹੋਈ ਬਹਿਸ ਵਿੱਚ ਮੁਲਾਜ਼ਮ ਆਗੂ ਬਲਕਾਰ ਸਿੰਘ ਮੰਡੀ ਬੋਰਡ, ਅਸ਼ੋਕ ਕੌਸ਼ਲ, ਕੁਲਵੰਤ ਸਿੰਘ ਚਾਨੀ, ਸੁਖਵਿੰਦਰ ਸਿੰਘ ਪ੍ਰਧਾਨ ਸਿਹਤ ਵਿਭਾਗ, ਕੁਲਵੀਰ ਸਿੰਘ ਸਰਾਵਾਂ, ਅਮਰਜੀਤ ਕੌਰ ਰਣ ਸਿੰਘ ਵਾਲਾ ਸੂਬਾ ਪ੍ਰਧਾਨ ਆਲ ਇੰਡੀਆ ਆਸ਼ਾ ਵਰਕਰ ਯੂਨੀਅਨ ਪੰਜਾਬ, ਸ਼ਿਵ ਨਾਥ ਦਰਦੀ, ਹਰਵਿੰਦਰ ਸ਼ਰਮਾ ਤੇ ਕੁਲਵੰਤ ਸਿੰਘ ਚਾਨੀ ਨੇ ਭਾਗ ਲੈਂਦੇ ਹੋਏ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਨ ਲਈ ਆਪਣੇ ਆਪਣੇ ਸੁਝਾਅ ਪੇਸ਼ ਕੀਤੇ। ਇਸ ਮੌਕੇ ਵੱਖ ਵੱਖ ਬੁਲਾਰਿਆਂ ਨੇ ਆਪਣੇ ਸੰਬੋਧਨ ਵਿੱਚ ਚੌਥਾ ਦਰਜਾ ਮੁਲਾਜ਼ਮਾਂ ਦੇ ਭਖਦੇ ਮਸਲੇ, ਪੁਨਰਗਠਨ ਦੌਰਾਨ ਵੱਖੋ ਵੱਖ ਵਿਭਾਗਾਂ ਚੋਂ ਗਰੁੱਪ-ਡੀ ਮੁਲਾਜ਼ਮਾਂ ਦੀਆਂ ਖਤਮ ਕੀਤੀਆਂ ਅਸਾਮੀਆਂ ਦੀ ਬਹਾਲੀ ਕਰਨ, ਹਰ ਤਰਾਂ ਦੇ ਕੱਚੇ ਠੇਕਾ ਅਤੇ ਆਊਟ ਸੋਰਸ਼ ਮੁਲਾਜ਼ਮਾਂ ਦੀਆਂ ਸੇਵਾਵਾਂ ਨਿਯਮਤ ਕਰਨਾ, ਆਸ਼ਾ ਵਰਕਰਾਂ, ਮਿਡ ਡੇਅ ਮੀਲ ਵਰਕਰਾਂ ਤੇ ਆਂਗਨਵਾੜੀ ਵਰਕਰਾਂ ਲਈ ਘੱਟੋ ਘੱਟ 26000 ਰੁਪਏ ਉਜਰਤ ਕਾਨੂੰਨ ਲਾਗੂ ਕਰਨ ਅਤੇ ਸੇਵਾਵਾਂ ਰੈਗੂਲਰ ਕਰਨ, ਪੁਰਾਣੀ ਪੈਨਸ਼ਨ ਸਕੀਮ ਅਸਲ ਰੂਪ ਵਿੱਚ ਤੁਰੰਤ ਲਾਗੂ ਕਰਨ, 1 ਜਨਵਰੀ 2016 ਤੋਂ 30 ਜੂਨ 2021 ਤੱਕ ਦਾ ਤਨਖਾਹ ਕਮਿਸ਼ਨ ਦਾ ਰਹਿੰਦਾ ਬਕਾਇਆ ਦੇਣ, ਡੀ.ਏ ਦਾ ਰਹਿੰਦਾ ਬਕਾਇਆ ਅਤੇ 12 ਫੀਸਦੀ ਡੀ.ਏ ਦੀਆਂ ਤਿੰਨ ਰਹਿੰਦੀਆਂ ਕਿਸਤਾਂ ਦੀ ਤੁਰੰਤ ਅਦਾਇਗੀ ਕਰਨ ਸਮੇਤ ਠੇਕਾ ਪ੍ਰਣਾਲੀ ਦਾ ਮਕੰਮਲ ਖਾਤਮਾਂ ਕਰਕੇ ਖਾਲੀ ਅਸਾਮੀਆਂ ਤੇ ਪੂਰੇ ਤਨਖਾਹ ਸਕੇਲਾਂ ਵਿੱਚ ਭਰਤੀ ਯਕੀਨੀ ਬਣਾਉਣ ਆਦਿ ਮੰਗਾਂ ਪ੍ਰਤੀ ਮੌਜੂਦਾ ਭਗਵੰਤ ਮਾਨ ਸਰਕਾਰ ਦੀ ਬੇਰੁਖੀ ਪ੍ਰਤੀ ਗੁੱਸੇ ਅਤੇ ਰੋਸ ਦਾ ਪ੍ਰਗਟਾਵਾ ਕੀਤਾ ਗਿਆ।

ਸੂਬਾਈ ਆਗੂਆਂ ਵੱਲੋਂ ਪੇਸ਼ ਕੀਤੇ ਗਏ ਪੈਨਲ ਅਨੁਸਾਰ ਨਛੱਤਰ ਸਿੰਘ ਭਾਣਾ ਚੇਅਰਮੈਨ, ਇਕਬਾਲ ਸਿੰਘ ਢੁੱਡੀ ਪਸ਼ੂ ਪਾਲਣ ਵਿਭਾਗ ਜਿਲ੍ਹਾ ਪ੍ਰਧਾਨ, ਇਕਬਾਲ ਸਿੰਘ ਰਣ ਸਿੰਘ ਵਾਲਾ ਖੁਰਾਕ ਤੇ ਸਪਲਾਈ ਵਿਭਾਗ ਸੀਨੀਅਰ ਮੀਤ ਪ੍ਰਧਾਨ, ਬਲਕਾਰ ਸਿੰਘ ਮੰਡੀ ਬੋਰਡ ਜਨਰਲ ਸਕੱਤਰ,

ਵਿਸ਼ਾਲ ਮੋਂਗਾ ਮੈਡੀਕਲ ਕਾਲਜ ਮੀਤ ਪ੍ਰਧਾਨ, ਮਨਜੀਤ ਕੌਰ ਆਸ਼ਾ ਵਰਕਰ ਮੀਤ ਪ੍ਰਧਾਨ,ਕੁਲਬੀਰ ਸਿੰਘ ਸਰਾਵਾਂ ਪਸ਼ੂ ਪਾਲਣ ਵਿਭਾਗ ਵਿੱਤ ਸਕੱਤਰ, ਸ਼ਿਵ ਨਾਥ ਦਰਦੀ ਸਹਾਇਕ ਵਿੱਤ ਸਕੱਤਰ, ਰਣਜੀਤ ਸਿੰਘ ਸਿਹਤ ਵਿਭਾਗ ਜੁਆਇੰਟ ਸਕੱਤਰ, ਗੁਰਪ੍ਰੀਤ ਸਿੰਘ ਸਿੱਧੂ ਬਰਜਿੰਦਰਾ ਕਾਲਜ ਪ੍ਰੈਸ ਸਕੱਤਰ,ਸੁਖਵਿੰਦਰ ਸਿੰਘ ਸਕਿਓਰਟੀ ਗਾਰਡ ਸਹਾਇਕ ਜਥੇਬੰਦਕ ਸਕੱਤਰ, ਹਰੀ ਸਿੰਘ ਨਹਿਰੀ ਵਿਭਾਗ, ਮਨਜੀਤ ਕੌਰ ਦੇਵੀ ਵਾਲਾ ਆਸ਼ਾ ਵਰਕਰ ਸਹਾਇਕ ਸਕੱਤਰ ਤੋਂ ਇਲਾਵਾ ਅਮਰਜੀਤ ਕੌਰ ਰਣ ਸਿੰਘ ਵਾਲਾ, ਰਮੇਸ਼ ਢੈਪਈ, ਪ੍ਰੇਮ ਚਾਵਲਾ ਤੇ ਕੁਲਵੰਤ ਸਿੰਘ ਚਾਨੀ ਸਲਾਹਕਾਰ ਬੋਰਡ ਦੇ ਮੈਂਬਰ ਚੁਣੇ ਗਏ। ਇਸ ਮੌਕੇ ਫੈਸਲਾ ਕੀਤਾ ਗਿਆ ਕਿ ਭਗਵੰਤ ਮਾਨ ਸਰਕਾਰ ਦੀਆਂ ਲੋਕ ਅਤੇ ਮੁਲਾਜ਼ਮ ਵਿਰੋਧੀ ਨੀਤੀਆਂ ਦੇ ਖਿਲਾਫ ਹੋਣ ਵਾਲੇ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਅਤੇ ਪੰਜਾਬ ਮੁਲਾਜ਼ਮ ਤੇ ਪੈਨਸ਼ਨਰ ਸਾਂਝਾ ਫਰੰਟ ਵੱਲੋਂ ਲੜੇ ਜਾਣ ਵਾਲੇ ਸਾਰੇ ਸੰਘਰਸ਼ਾਂ ਵਿੱਚ ਪੂਰੀ ਸਰਗਰਮੀ ਨਾਲ ਸ਼ਮੂਲੀਅਤ ਕੀਤੀ ਜਾਵੇਗੀ।